# ਸਿਲਵੀਆ ਬਿਸ਼ਪ ਅਤੇ ਟੀਮ ਡੈਲਟਾ ਨੇ ਡੈਲਟਾ ਸ਼ਹਿਰ ਦਾ 2019–2022 ਲਈ ਫਿਸਕਲ ਫਰੇਮਵਰਕ ਪੇਸ਼ ਕੀਤਾ

ਜੁਲਾਈ 19, 2018– ਡੈਲਟਾ ਬੀ.ਸੀ.–ਟੀਮ ਡੈਲਟਾ ਦੀ ਪ੍ਰਤੀਨਿਧ ਅਤੇ ਮੇਅਰਲ ਉਮੀਦਵਾਰ ਸਿਲਵੀਆ ਬਿਸ਼ਪ ਦੁਆਰਾ ਰਿਲੀਜ਼ 2019-22 ਦੇ ਫਿਸਕਲ ਫਰੇਮਵਰਕ ( ਆਰਥਿਕ ਢਾਂਚੇ) ਦੇ ਅਨੁਸਾਰ  ਸੰਭਾਵਿਤ ਨਿਵੇਸ਼ਕ ਅਤੇ ਹੋਰਨਾਂ ਸਮੇਤ ਡੈਲਟਾ ਦੇ ਨਿਵਾਸੀ ਅਤੇ ਵਪਾਰ ਇਸ ਬਾਰੇ ਨਿਸ਼ਚਤ ਹੋ ਜਾਣਗੇ ਕਿ 20 ਅਕਤੂਬਰ ਨੂੰ ਹੋਣ ਵਾਲੀਆਂ ਮਿਊਂਸੀਪਲ ਚੋਣਾਂ ਤੋਂ ਬਾਦ ਲੋਕਲ ਸਰਕਾਰ ਦੀ ਆਰਥਿਕਤਾ ਕਾਬਿਲ ਅਤੇ ਸੰਤੁਲਿਤ ਹੱਥਾਂ ਵਿੱਚ ਹੋਵੇਗੀ।

ਦੋ ਟਰਮਾਂ ਤੋਂ ਕੌਂਸਲਰ ਰਹਿਣ ਤੋਂ ਬਾਦ ਹੁਣ ਡੈਲਟਾ ਮੇਅਰ ਵਜੋਂ ਚੋਣ ਲੜ੍ਹ ਰਹੀ ਬਿਸ਼ਪ ਨੇ ਕਿਹਾ, “ਡੈਲਟਾ ਸ਼ਹਿਰ ਦਾ ਫਿਸਕਲ ਰਿਕਾਰਡ ਬਹੁਤ ਹੀ ਵਧੀਆ ਹੈ ਅਤੇ ਅਸੀਂ ਇਸਨੂੰ ਇਸੇ ਤਰ੍ਹਾਂ ਰੱਖਣਾ ਚਾਹੁੰਦੇ ਹਾਂ”।

“ਇਸ ਲਈ ਮੇਰੀ ਟੀਮ ਡੈਲਟਾ ਦੇ ਸਾਥੀ ਅਤੇ ਮੈਂ ਪੂਰੀ ਸਰਗਰਮੀ ਨਾਲ ਫਿਸਕਲ ਫਰੇਮਵਰਕ ਨੂੰ ਪ੍ਰਕਾਸ਼ਿਤ ਕਰਨ ਦਾ ਨਵਾਂ ਕਦਮ ਲੈ ਰਹੇ ਹਾਂ ਅਤੇ ਜੇ ਅਸੀਂ 20 ਅਕਤੂਬਰ ਦੀਆਂ ਚੋਣਾਂ ਵਿੱਚ ਸਫਲ ਰਹੇ ਤਾਂ ਇਹ ਫਰੇਮਵਰਕ ਕੌਂਸਲ ਵਿੱਚ ਅਗਲੇ ਚਾਰ ਸਾਲਾਂ ਦੌਰਾਨ ਸਥਾਨਕ ਸਰਕਾਰ ਦੇ ਵਿੱਤਾਂ ਦੀ ਰੂਪ–ਰੇਖਾ ਦੱਸੇਗਾ”।

ਟੀਮ ਡੈਲਟਾ ਦਾ 16 ਸਫਿਆਂ ਦਾ ਫਿਸਕਲ ਫਰੇਮਵਰਕ 2011-2017 ਤੱਕ ਦੇ ਸ਼ਹਿਰ ਦੇ ਵਿੱਤਾਂ ਦਾ ਨਿਰੀਖਣ ਕਰੇਗਾ ਅਤੇ ਫੇਰ 2019-2022 ਦੇ ਸਮੇਂ ਦੌਰਾਨ ਸਾਲਾਨਾ ਖ਼ਰਚ ਅਤੇ ਆਮਦਨ ਦੀ ਭਵਿੱਖਬਾਣੀ ਕਰੇਗਾ।

ਬਿਸ਼ਪ ਨੇ ਕਿਹਾ, “ ਚੁਣੇ ਗਏ ਅਤੇ ਦੂਸਰੇ ਅਧਿਕਾਰੀਆਂ ਨੇ ਇਹਨਾਂ 10 ਸਾਲਾਂ ਵਿੱਚ ਭਾਈਚਾਰੇ ਨੂੰ ਸ਼ਾਨਦਾਰ ਸੇਵਾਵਾਂ ਪ੍ਰਦਾਨ ਕਰਨ ਲਈ ਬੇਮਿਸਾਲ ਕੰਮ ਕੀਤੇ ਹਨ ਅਤੇ ਫੀਸ ਅਤੇ ਟੈਕਸ ਰੇਟਾਂ ਨੂੰ ਵੀ ਘੱਟ ਅਤੇ ਕਫਾਇਤੀ ਰੱਖਿਆ ਹੈ”।

“ਮੇਰੀ ਟੀਮ ਡੈਲਟਾ ਦੇ ਸਾਥੀ ਅਤੇ ਮੈਂ ਇਹ ਮੰਨਦੇ ਹਾਂ ਕਿ ਭਵਿੱਖ ਵਿੱਚ ਇਸੇ ਸਿਲਸਿਲੇ ਨੂੰ ਜਾਰੀ ਰੱਖਣਾ ਬੇਹੱਦ ਜ਼ਰੂਰੀ ਹੈ, ਭਾਵੇਂ ਅਕਤੂਬਰ ਦੀਆਂ ਸਥਾਨਕ ਚੋਣਾਂ ਤੋਂ ਬਾਦ ਕੌਂਸਲ ਦੀ ਬਨਾਵਟ ਬਦਲ ਵੀ ਜਾਵੇ”।

ਬਿਸ਼ਪ ਦੇ ਨਾਲ ਟੀਮ ਡੈਲਟਾ ਦੀ ਸਲੇਟ ਵਿੱਚ ਵੈਟਰਨ ਰਾਬਰਟ ਕੈਂਪਬੈੱਲ, ਅਤੇ ਨਵੇਂ ਮੈਂਬਰਾਂ ਵਿੱਚ ਜੌਨ੍ਹ ਹੈਂਸਨ, ਕਿਮ ਕੈਂਡਲ ਅਤੇ ਸਿਮਰਨ ਵਾਲੀਆ ਸ਼ਾਮਲ ਹਨ।

ਬਿਸ਼ਪ ਨੇ ਕਿਹਾ,“ਡੈਲਟਾ ਦੇ ਵਸਨੀਕ ਆਪਣੇ ਸ਼ਹਿਰ ਦੇ ਫਿਸਕਲ ਫਰੇਮਵਰਕ ਅਤੇ ਮੌਜੂਦਾ ਵਿੱਤੀ ਹਾਲਾਤ ‘ਤੇ ਮਾਣ ਮਹਿਸੂਸ ਕਰਦੇ ਹਨ”।

"ਟੀਮ ਡੈਲਟਾ ਇਸ ਪ੍ਰਤੀ ਵਚਨਬੱਧ ਹੈ ਕਿ ਸਾਡੀ ਨਵੀਂ ਕੌਂਸਲ ਅਤੇ ਸ਼ਹਿਰ ਦੇ ਵਿੱਤੀ ਹਾਲਾਤ, ਦੋਵੇਂ ਚੀਜ਼ਾਂ ਸਥਿਰ, ਭਰੋਸੇਯੋਗ ਅਤੇ ਪ੍ਰਮਾਣਿਤ ਹੋਣ। ਅਤੇ ਨਾਲ ਹੀ ਅਸੀਂ ਸਥਾਨਕ ਵੋਟਰਾਂ ਨੂੰ ਉਹ

**ਫਿਸਕਲ ਫਰੇਮਵਰਕ ਪ੍ਰਦਾਨ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੇ ਹਾਂ, ਜੋ ਸਾਡੀ ਸਰਕਾਰ ਦੀ ਰੂਪ-ਰੇਖਾ ਬਾਰੇ ਦੱਸੇਗਾ" ।**

**ਸੰਪਰਕ ਕਰੋ:**


Jason Craik, co-campaign manager 604-603-1790

Kristy Fredericks, co-campaign manager 604-626-1374

teamdeltamedia@gmail.com